Roll No. Total No. of Pages : 02

Total No. of Questions : 09

**B.Sc. (Non-Medical) (Sem.-2)**

# PUNJABI

**Subject Code : BSNM-208-18**

**M.Code : 76306**

**Date of Examination : 19-06-23**

**Time : 3 Hrs.** **Max. Marks : 50**

ਨੋਟ—

1. ਸੈਕਸ਼ਨ 'ਏ' ਦੇ ਸਾਰੇ ਸਵਾਲਾਂ ਦੇ ਜਵਾਬ ਦੇਣੇ ਜਰੂਰੀ ਹਨ। ਹਰੇਕ ਸਵਾਲ ਦਾ 1 ਨੰਬਰ ਹੋਵੇਗਾ।
2. ਸੈਕਸ਼ਨ 'ਬੀ' 'ਚ ਪੁੱਛੇ ਗਏ 5 ਸਵਾਲਾਂ 'ਚੋਂ ਕੋਈ 4 ਸਵਾਲਾਂ ਦੇ ਜਵਾਬ ਦੇਣੇ ਜਰੂਰੀ ਹਨ। ਇੱਕ ਸਵਾਲ 5 ਨੰਬਰ ਦਾ ਹੋਵੇਗਾ।
3. ਸੈਕਸ਼ਨ 'ਸੀ' 'ਚ ਪੁੱਛੇ ਗਏ 3 ਸਲਾਵਾਂ 'ਚੋਂ ਕੋਈ 2 ਸਵਾਲਾਂ ਦੇ ਜਵਾਬ ਦੇਣੇ ਜਰੂਰੀ ਹਨ। ਇੱਕ ਸਵਾਲ 10 ਨੰਬਰ ਦਾ ਹੋਵੇਗਾ।

## SECTION-A

(ੳ) ਸਾਕਾ ਸ੍ਰੀ ਨਨਕਾਣਾ ਸਾਹਿਬ ਨਿਬੰਧ ਕਿਸਦੀ ਰਚਨਾ ਹੈ?

(ਅ) ਆਧੁਨਿਕ ਪੰਜਾਬੀ ਵਾਰਤਕ ਪੁਸਤਕ ਵਿੱਚ ਕੁੱਲ ਨਿਬੰਧ ਕਿੰਨੇ ਹਨ?

(ੲ) ਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ?

(ਸ) ਪੰਜਾਬੀ ਭਾਸ਼ਾ ਲਿਖਣ ਲਈ ਕਿਸ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ?

(ਹ) ਕਿਰਿਆ ਤੋਂ ਕੀ ਭਾਵ ਹੈ?

(ਕ) ਬਾਬਾ ਬੁੱਲ੍ਹੇ ਸ਼ਾਹ ਕਿਸ ਕਾਵਿ ਧਾਰਾ ਨਾਲ ਸੰਬੰਧਿਤ ਹੈ?

(ਖ) ਗਿੱਧਾ ਨਿਬੰਧ ਕਿਸ ਦੀ ਰਚਨਾ ਹੈ?

(ਗ) ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਕਿਸ ਨੇ ਕਰਵਾਈ?

(ਘ) ਯੋਜਕ ਤੋਂ ਕੀ ਭਾਵ ਹੈ ਸਪੱਸ਼ਟ ਕਰੋ।

(ਙ) ਵਿਸ਼ੇਸ਼ਣ ਤੋਂ ਕੀ ਭਾਵ ਹੈ? ਕੋਈ ਇੱਕ ਉਦਾਹਰਣ ਦੇ ਕੇ ਸਪੱਸ਼ਟ ਕਰੋ।

## SECTION - B

2. ਪੜ੍ਹਨਾਂਵ ਨੂੰ ਪਰਿਭਾਸ਼ਿਤ ਕਰਦੇ ਹੋਏ ਇਸ ਦੀਆਂ ਕਿਸਮਾਂ ਬਿਆਨ ਕਰੋ।
3. ਸੂਬਾ ਸਿੰਘ ਦੇ ਨਿੰਬਧ 'ਪੰਜਾਬ ਦਾ ਸਭਿਆਚਾਰ' ਦਾ ਵਿਸ਼ਾ ਸਪੱਸ਼ਟ ਕਰੋ।
4. ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ।
5. ਸਮਾਚਾਰ ਲਿਖਣ ਦੀ ਵਿਧੀ ਅਤੇ ਤੱਤ ਬਿਆਨ ਕਰੋ।
6. 'ਮਨ ਦੀ ਮੌਜ' ਨਿਬੰਧ ਵਿੱਚ ਲੇਖ ਦੁਆਰਾ ਪ੍ਰਗਟਾਏ ਭਾਵ ਸਪੱਸ਼ਟ ਕਰੋ।

## SECTION - C

7. ਬੁੱਲ੍ਹੇ ਸ਼ਾਹ ਦੀ ਕਾਵਿ-ਕਲਾ ਨਿਬੰਧ ਦਾ ਵਿਸਤ੍ਰਿਤ ਸਾਰ ਲਿਖੋ।
8. ਕਿਰਿਆ ਵਿਸ਼ੇਸ਼ਣ ਤੋਂ ਕੀ ਭਾਵ ਹੈ? ਕਿਰਿਆ ਵਿਸ਼ੇਸ਼ਣ ਦੀਆਂ ਕਿਸਮਾਂ ਬਿਆਨ ਕਰੋ।
9. **ਹੇਠ ਲਿਖੇ ਪੈਰੇ ਦਾ ਸਰਲ ਅੰਗਰੇਜੀ ਅਨੁਵਾਦ ਕਰੋ—**

   ਅੱਜ-ਕੱਲ੍ਹ ਬਹੁਤ ਸਾਰੀ ਦੁਰਾਦਾਰੀ ਦਾ ਕਾਰਣ ਘਰੋਗੀ ਵਸੋਂ ਦਾ ਘਾਟਾ ਅਤੇ ਬਾਜ਼ਾਰੀ ਰਹਿਣੀ-ਬਹਿਣੀ ਦਾ ਵਾਧਾ ਹੈ। ਘਰ ਘਟ ਰਹੇ ਹਨ, ਅਤੇ ਹੋਟਲ ਵਧ ਰਹੇ ਹਨ। ਲੋਕੀ ਘਰ ਦੇ ਸਦਾਚਾਰੀ ਅਸਰ ਨੂੰ ਨਾ ਜਾਣਦੇ ਹੋਏ, ਬਾਲ ਬੱਚੇ ਤੇ ਤੀਵੀਂ ਦੇ ਨਾਲ ਜੀਵਣ ਬਿਤਾਣ ਦੀ ਥਾਂ ਕਲੱਬਾਂ ਤੇ ਹੋਟਲਾ ਦੀ ਰਹਿਣੀ ਨੂੰ ਵਧੇਰੇ ਪਸੰਦ ਕਰਦੇ ਹਨ। ਇਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਲੋਕਾਂ ਵਿਚੋਂ ਉਹ ਘਰੋਗੀ ਜ਼ਿਮੇਵਾਰੀ, ਉਹ ਬਿਰਾਦਰੀ ਵਾਲੀ ਸ਼ਰਾਫ਼ਤ, ਅਤੇ ਉਹ ਮਿੱਠਤ ਤੇ ਨਿਮ੍ਰਤਾ ਵਾਲੇ ਗੁਣ ਘਟ ਰਹੇ ਹਨ, ਜੋ ਕੇਵਲ ਘਰੋਗੀ ਆਚਰਣ ਤੋਂ ਹੀ ਉਪਜਦੇ ਹਨ। ਇਸਤਰੀ ਤੇ ਬੱਚਿਆਂ ਵਿੱਚ ਕੇਵਲ ਇਤਨੀ ਦਿਲਚਸਪੀ ਦਸੀ ਜਾਂਦੀ ਹੈ ਜਿਤਨੀ ਕਿ ਉਨ੍ਹਾਂ ਨੂੰ ਘਰ ਤੋਂ ਬਾਹਰ ਲੋਕਾਂ ਦੇ ਸਾਹਮਣੇ ਸ਼ੁਕੇ ਬਾਂਕੇ ਬਣ ਕੇ ਦਿਖਾਣ ਜੋਗਾ ਬਣਾ ਦੇਵੇ। ਇਹ ਬਹੁਤ ਘਟ ਦੇਖਿਆ ਜਾਂਦਾ ਹੈ ਕਿ ਘਰ ਦਾ ਮਾਲਕ ਆਪਣੇ ਘਰ ਦੇ ਬੰਦਿਆਂ ਲਈ ਕੋਈ ਦਿਮਾਗੀ, ਸਦਾਚਾਰਕ ਜਾਂ ਆਤਮਕ ਉੱਨਤ ਵਾਲੇ ਸਾਧਨ ਇਕੱਠਾ ਕਰਦਾ ਹੋਵੇ ਜਾਂ ਖੇਡਾਂ, ਪੁਸਤਕਾਂ, ਸਵਾਦੀ ਤਮਾਸ਼ੇ ਜਾਂ ਧਾਰਮਕ ਸਿੱਖਿਆ ਦੇ ਸਮਿਆਨ ਵਧਾਣ ਦਾ ਜਤਨ ਕਰਦਾ ਹੋਵੇ।

**Note : Any student found attempting answer sheet from any other person(s), using incriminating material or involved in any wrong activity reported by evaluator shall be treated under UMC provisions.**

**Student found sharing the question paper(s)/answer sheet on digital media or with any other person or any organization/institution shall also be treated under UMC.**

**Any student found making any change/addition/modification in contents of scanned copy of answer sheet and original answer sheet, shall be covered under UMC provisions.**